ਅਜੀਤ, ਬਠਿੰਡਾ
ਸੰਗਰੂਰ ਬਰਨਾਲਾ ਅਜੀਤ 8
ਸੋਮਵਾਰ, 20 ਅਕਤੂਬਰ 2025

# ਅਮਨ ਅਰੋੜਾ ਦੇ ਨਿਰਦੇਸ਼ਾਂ 'ਤੇ ਐਸ. ਡੀ. ਐਮ. ਨੇ ਹਲਕਾ ਸੁਨਾਮ ਦੇ 9 ਹੜ੍ਹ ਪੀੜਤਾਂ ਨੂੰ ਮੁਆਵਜ਼ਾ ਰਾਸ਼ੀ ਦੇ ਮਨਜ਼ੂਰੀ ਪੱਤਰ ਸੌਂਪੇ

ਸੁਨਾਮ ਊਧਮ ਸਿੰਘ ਵਾਲਾ, 19 ਅਕਤੂਬਰ (ਹਰਚੰਦ ਸਿੰਘ ਭੁੱਲਰ, ਸਰਬਜੀਤ ਸਿੰਘ ਧਾਲੀਵਾਲ) - ਪੰਜਾਬ ਸਰਕਾਰ ਵਲੋਂ ਹੜ੍ਹ ਪੀੜਤਾਂ ਨੂੰ ਸਮੇਂ ਸਿਰ ਰਾਹਤ ਪ੍ਰਦਾਨ ਕਰਨ ਦੇ ਉਪਰਾਲਿਆਂ ਨੂੰ ਅੱਗੇ ਵਧਾਉਂਦਿਆਂ ਕੈਬਨਿਟ ਮੰਤਰੀ ਸ਼੍ਰੀ ਅਮਨ ਅਰੋੜਾ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਉਪ ਮੰਡਲ ਮੈਜਿਸਟਰੇਟ ਸੰਗਰੂਰ ਚਰਨਜੋਤ ਸਿੰਘ ਵਾਲੀਆ ਨੇ ਅੱਜ ਵਿਧਾਨ ਸਭਾ ਹਲਕਾ ਸੁਨਾਮ ਦੇ 9 ਹੜ੍ਹ ਪੀੜਤਾਂ ਨੂੰ ਕੈਬਨਿਟ ਮੰਤਰੀ ਸ਼੍ਰੀ ਅਰੋੜਾ ਦੇ ਦਫ਼ਤਰ ਵਿਖੇ ਮੁਆਵਜ਼ਾ ਰਾਸ਼ੀ ਦੇ ਮਨਜ਼ੂਰੀ ਪੱਤਰ ਸੌਂਪੇ।ਇਹਨਾਂ ਹੜ੍ਹ ਪੀੜਤਾਂ ਵਿਚ ਪਿੰਡ ਉਭਾਵਾਲ ਦੇ ਜੀਤ ਸਿੰਘ ਤੇ ਨਿਰਮਲ ਸਿੰਘ, ਪਿੰਡ ਬਹਾਦਰਪੁਰ ਦੇ ਲਾਭ ਸਿੰਘ, ਪਿੰਡ ਦੁੱਗਾਂ ਦੇ ਗੁਲਜ਼ਾਰ ਸਿੰਘ ਤੇ ਚਮਕੌਰ ਸਿੰਘ ਅਤੇ ਪਿੰਡ ਕੁੰਨਰਾਂ ਦੇ ਕੁਲਜੀਤ ਸਿੰਘ, ਗੁਲਜ਼ਾਰ ਸਿੰਘ, ਪਰਮਜੀਤ ਕੌਰ ਅਤੇ ਸੁਖਦੀਪ ਸਿੰਘ ਸ਼ਾਮਲ ਹਨ। ਇਸ ਮੌਕੇ ਐਸ.ਡੀ.ਐਮ. ਵਾਲੀਆ ਨੇ ਦੱਸਿਆ ਕਿ ਭਾਰੀ ਬਰਸਾਤ ਜਾਂ ਹੜ੍ਹ ਵਰਗੇ ਹਾਲਾਤ ਕਾਰਨ ਜਿਹੜੇ ਲੋਕਾਂ ਦਾ ਨੁਕਸਾਨ ਹੋਇਆ ਹੈ, ਉਨ੍ਹਾਂ ਦੀ ਮਦਦ ਲਈ ਪਾਰਦਰਸ਼ੀ ਤਰੀਕੇ ਨਾਲ ਮੁਆਵਜ਼ਾ ਰਾਸ਼ੀ ਜਾਰੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਲੋਕਾਂ ਦੀ ਭਲਾਈ ਲਈ ਹਰ ਸੰਭਵ ਕਦਮ ਚੁੱਕੇ ਜਾ ਰਹੇ ਹਨ, ਤਾਂ ਜੋ ਕੋਈ ਵੀ ਪੀੜਤ ਪਰਿਵਾਰ ਮਦਦ ਤੋਂ ਵਾਂਝਾ ਨਾ ਰਹੇ। ਇਸ ਮੌਕੇ ਮਾਰਕਿਟ ਕਮੇਟੀ ਸੰਗਰੂਰ ਦੇ ਚੇਅਰਮੈਨ ਅਤੇ ਹਲਕਾ ਸੁਨਾਮ ਦੇ ਸੰਗਠਨ ਇੰਚਾਰਜ ਅਵਤਾਰ ਸਿੰਘ ਈਲਵਾਲ, ਮਾਰਕੀਟ ਕਮੇਟੀ ਸੁਨਾਮ ਦੇ ਚੇਅਰਮੈਨ ਮੁਕੇਸ਼ ਜੁਨੇਜਾ, ਦਰਸ਼ਨ ਸਿੰਘ ਦੁੱਗਾਂ, ਵਿੱਕੀ ਸਰਪੰਚ ਕੁੰਨਰਾਂ ਅਤੇ ਕੈਬਨਿਟ ਮੰਤਰੀ ਅਮਨ ਅਰੋੜਾ ਦੇ ਨਿੱਜੀ ਸਹਾਇਕ ਸੰਜੀਵ ਕੁਮਾਰ ਕਾਂਸਲ ਸੰਜੂ ਆਦਿ ਮੌਜੂਦ ਸਨ।



ਹੜ੍ਹ ਪੀੜਤਾਂ ਨੂੰ ਮੁਆਵਜ਼ਾ ਰਾਸ਼ੀ ਦੇ ਮਨਜ਼ੂਰੀ ਪੱਤਰ ਸੌਂਪਦੇ ਹੋਏ ਐਸ. ਡੀ. ਐਮ. ਚਰਨਜੋਤ ਸਿੰਘ ਵਾਲੀਆ। ਤਸਵੀਰ: ਭੁੱਲਰ



ਗੱਲਬਾਤ ਕਰਦੇ ਹੋਏ ਹਰਵਿੰਦਰ ਸਿੰਘ ਕਾਕੜਾ, ਜਥੇ. ਇੰਦਰਜੀਤ ਸਿੰਘ ਤੂਰ, ਜਥੇ. ਅਜੈਬ ਸਿੰਘ ਗਹਿਲਾਂ ਅਤੇ ਧਨਮਿੰਦਰ ਸਿੰਘ ਭੱਟੀਵਾਲ। ਤਸਵੀਰ: ਰਣਧੀਰ ਸਿੰਘ ਫੱਗੂਵਾਲਾ

## ਮੌਸਮ ਦੀ ਗੜਬੜੀ ਨਾਲ ਝੋਨੇ ਦੀ ਫਸਲ ਦਾ ਝਾੜ ਘਟਿਆ

### ਅਕਾਲੀ ਆਗੂਆਂ ਨੇ ਪੰਜਾਬ ਸਰਕਾਰ ਤੋਂ ਮੁਆਵਜੇ ਦੀ ਕੀਤੀ ਮੰਗ

ਭਵਾਨੀਗੜ੍ਹ, 19 ਅਕਤੂਬਰ (ਰਣਧੀਰ ਸਿੰਘ ਫੱਗੂਵਾਲਾ) - ਮੌਸਮ ਦੀ ਗੜਬੜੀ ਨਾਲ ਝੋਨੇ ਦੀ ਫਸਲ ਨੂੰ ਲੱਗੇ ਵੱਖ-ਵੱਖ ਰੋਗਾਂ ਦੇ ਕਾਰਨ ਇਸ ਵਾਰ ਕਿਸਾਨਾਂ ਦੀ ਦੀਵਾਲੀ ਫਿੱਕੀ ਰਹਿ ਰਹੀ ਹੈ, ਇਹ ਵਿਚਾਰ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤੀ ਦੇ ਸੀਨੀਅਰ ਆਗੂ ਹਰਵਿੰਦਰ ਸਿੰਘ ਕਾਕੜਾ, ਜਥੇ: ਇੰਦਰਜੀਤ ਸਿੰਘ ਤੂਰ, ਜਥੇ: ਅਜੈਬ ਸਿੰਘ ਗਹਿਲਾਂ ਅਤੇ ਧਨਮਿੰਦਰ ਸਿੰਘ ਭੱਟੀਵਾਲ ਨੇ ਵਿਸ਼ੇਸ਼ ਗੱਲਬਾਤ ਕਰਦਿਆਂ ਸਾਂਝੇ ਕੀਤੇ। ਉਕਤ ਆਗੂਆਂ ਨੇ ਕਿਹਾ ਪਹਿਲਾਂ ਕਈ ਦਿਨ ਲਗਾਤਾਰ ਮੀਂਹ ਪੈਣ ਕਾਰਨ ਅਤੇ ਫ਼ਿਰ ਇਕ ਦਮ ਗਰਮੀ ਹੋ ਜਾਣ ਕਾਰਨ ਪੱਕੇ ਰਹੇ ਝੋਨੇ ਦੀ ਫਸਲ ਨੂੰ ਬੋਨਾ ਰੋਗ, ਹਲਦੀ ਰੋਗ ਅਤੇ ਤੇਲਾ ਰੋਗ ਨੇ ਇਸ ਤਰ੍ਹਾਂ ਘੇਰਿਆ ਕਿ ਕਿਸਾਨਾਂ ਦੇ ਝੋਨੇ ਦੀ ਪੱਕ ਰਹੀ ਫਸਲ ਵਿਚ ਦਾਣੇ ਖ਼ਤਮ ਹੋਣੇ ਸ਼ੁਰੂ ਹੋ ਗਏ। ਉਨ੍ਹਾਂ ਦੱਸਿਆ ਕਿ ਠੇਕੇ 'ਤੇ ਜਮੀਨ ਲੈ ਕੇ ਫਸਲ ਬੀਜਣ ਵਾਲੇ ਕਿਸਾਨ ਵੱਡੇ ਘਾਟੇ ਦਾ ਸ਼ਿਕਾਰ ਹੋ ਗਏ ਹਨ। ਇਸ ਮੌਕੇ 'ਤੇ ਧਨਮਿੰਦਰ ਸਿੰਘ ਭੱਟੀਵਾਲ ਨੇ ਦੱਸਿਆ ਕਿ ਉਨ੍ਹਾਂ ਨੇ 14 ਏਕਣ ਝੋਨੇ ਦੀ ਫਸਲ ਕੱਟੀ ਹੈ, ਜਿਸ ਵਿਚੋਂ ਹਰ ਸਾਲ ਕਰੀਬ 13-14 ਸੌ ਕੱਟਾ ਝੋਨਾ ਨਿਕਲਦਾ ਸੀ, ਇਸ ਵਾਰ 14 ਏਕੜ ਵਿਚੋਂ ਸਿਰਫ਼ 630 ਕੱਟੇ ਝੋਨਾ ਨਿਕਲਣ ਕਾਰਨ ਉਨ੍ਹਾਂ ਦਾ ਬਹੁਤ ਵੱਡਾ ਨੁਕਸਾਨ ਹੋਇਆ ਹੈ ਤੇ ਇਹੀ ਹਾਲ ਹਰ ਕਿਸਾਨ ਦਾ ਹੈ। ਉਕਤ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਨੂੰ ਨੁਕਸਾਨੇ ਗਏ ਝੋਨੇ ਵਾਲੇ ਕਿਸਾਨਾਂ ਨੂੰ ਬਚਾਉਣ ਲਈ ਵੱਡਾ ਆਰਥਿਕ ਮੁਆਵਜਾ ਦੇਣ ਦਾ ਐਲਾਨ ਕਰਕੇ ਤੁਰੰਤ ਗਿਰਦਾਵਰੀ ਕਰਾ ਕੇ ਮੁਆਵਜਾ ਦੇਣਾ ਚਾਹੀਦਾ ਹੈ। ਇਸ ਮੌਕੇ 'ਤੇ ਉਕਤ ਆਗੂਆਂ ਨੇ ਪ੍ਰਸ਼ਾਸ਼ਨ ਨੂੰ ਪਰਾਲੀ ਨੂੰ ਸੰਭਾਲਣ ਲਈ ਕਿਸਾਨਾਂ ਨੂੰ ਬੇਲਰਾਂ ਦੇ ਪ੍ਰਬੰਧ ਕਰਨ ਅਤੇ ਕਿਸਾਨਾਂ ਨੂੰ ਬੋਨਸ ਦੇਣ ਦੀ ਮੰਗ ਕੀਤੀ।

## ਸਰਕਾਰ ਪਰਾਲੀ ਪ੍ਰਬੰਧਨ ਕਰਨ ਦੀ ਬਜਾਏ ਕਿਸਾਨਾਂ ਨੂੰ ਤੰਗ ਪ੍ਰੇਸ਼ਾਨ ਕਰਨ 'ਤੇ ਤੁਲੀ - ਕਿਸਾਨ ਆਗੂ

ਸੁਨਾਮ ਊਧਮ ਸਿੰਘ ਵਾਲਾ, 19 ਅਕਤੂਬਰ (ਭੁੱਲਰ, ਧਾਲੀਵਾਲ) - ਭਾਰਤੀ ਕਿਸਾਨ ਯੂਨੀਅਨ ਏਕਤਾ ਮਲਵਈ ਦੀ ਮੀਟਿੰਗ ਸਥਾਨਕ ਗੁਰਦੁਆਰਾ ਕੜਾਕਾ ਸਿੰਘ ਵਾਲਾ ਵਿਖੇ ਹੋਈ। ਜਥੇਬੰਦੀ ਦੇ ਸੂਬਾਈ ਆਗੂ ਰਾਮਪਾਲ ਸ਼ਰਮਾ ਸੁਨਾਮ, ਧਰਮਿੰਦਰ ਸਿੰਘ ਭਾਈ ਕੀ ਪਿਸ਼ੌਰ, ਸੂਬਾ ਸਿੰਘ ਸੰਗਤਪੁਰਾ, ਮਲਕੀਤ ਸਿੰਘ ਤੂਰਬਨਜਾਰਾ, ਹਰਜਿੰਦਰ ਸਿੰਘ ਨੰਗਲਾ ਵਿਸ਼ੇਸ਼ ਤੌਰ ਨੇ ਪੰਜਾਬ ਸਰਕਾਰ ਨੂੰ ਆੜੇ ਹੱਥੀਂ ਲੈਂਦਿਆਂ ਕਿਹਾ ਕਿ ਸਰਕਾਰ ਝੋਨੇ ਦੀ ਪਰਾਲੀ ਪ੍ਰਬੰਧਨ ਕਰਨ ਦੀ ਬਜਾਏ ਕਿਸਾਨਾਂ ਨੂੰ ਤੰਗ-ਪ੍ਰੇਸਾਨ ਕਰਨ 'ਤੇ ਤੁਲੀ ਹੋਈ ਹੈ। ਉਨ੍ਹਾਂ ਸਰਕਾਰ ਤੋਂ ਕਿਸਾਨਾਂ ਨੂੰ ਪਰਾਲੀ ਦੇ ਹੱਲ ਲਈ ਪ੍ਰਤੀ ਕੁਇੰਟਲ 200 ਰੁਪਏ ਬੋਨਸ ਦੇਣ ਦੀ ਮੰਗ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਦੀ ਕਿਸਾਨਾਂ ਨੂੰ ਪਰਾਲੀ ਦੀਆਂ ਗੰਢਾਂ ਬਣਾਉਣ ਵਾਲੇ ਸਾਧਨ ਮੁਹੱਈਆ ਕਰਵਾਉਣ ਦੇ ਦਾਅਵਿਆਂ ਦੀ ਜ਼ਮੀਨੀ ਪੱਧਰ 'ਤੇ ਫੂਕ ਨਿਕਲ ਚੁੱਕੀ ਹੈ। ਕਿਸਾਨਾਂ ਨੂੰ ਮਜਬੂਰਨ ਝੋਨੇ ਦੀ ਪਰਾਲੀ ਨੂੰ ਅੱਗ ਲਾਉਣੀ ਪੈ ਰਹੀ ਹੈ ਕਿਉਂਕਿ ਛੋਟੇ ਕਿਸਾਨ ਲੱਖਾਂ ਰੁਪਏ ਦੀ ਮਸ਼ੀਨਰੀ ਲੈਣ ਤੋਂ ਅਸਮਰਥ ਹਨ। ਇਸ ਮੌਕੇ ਕੁਲਵੀਰ ਸਿੰਘ, ਬਹਾਦਰ ਸਿੰਘ, ਕੇਹਰ ਸਿੰਘ, ਲਖਵਿੰਦਰ ਸਿੰਘ, ਗਿਆਨ ਸਿੰਘ, ਮਲਕੀਤ ਸਿੰਘ, ਭਰਭੂਰ ਸਿੰਘ, ਸੁੰਦਰ ਸਿੰਘ, ਰਜਿੰਦਰ ਸਿੰਘ, ਸੇਵਕ ਸਿੰਘ, ਵਰਮਾ ਨੰਦ, ਅਮਰ ਸਿੰਘ, ਦੀਪ ਸਿੰਘ ਅਤੇ ਗੁਰਦੀਪ ਸਿੰਘ ਨੂੰ ਸਰਬ-ਸੰਮਤੀ ਨਾਲ ਇਕਾਈ ਮੈਂਬਰ ਚੁਣਿਆ ਗਿਆ।



ਜੇਤੂ ਰਹੇ ਬੱਚਿਆਂ ਨੂੰ ਸਨਮਾਨਿਤ ਕਰਦੇ ਹੋਏ ਬੀਪੀਈਓ ਅਤੇ ਹੋਰ ਸਟਾਫ ਮੈਂਬਰਜ । ਤਸਵੀਰ: ਰਤਨ ਸਿੰਘ ਭੰਡਾਰੀ

## ਬਲਾਕ ਪੱਧਰੀ ਸਕੂਲ ਖੇਡਾਂ ਕਰਵਾਈਆਂ

ਮੂਲੋਵਾਲ, 19 ਅਕਤੂਬਰ (ਰਤਨ ਸਿੰਘ ਭੰਡਾਰੀ) - ਨੇੜਲੇ ਪਿੰਡ ਗੁਰੂ ਤੇਗ਼ ਬਹਾਦਰ ਸਟੇਡੀਅਮ ਰਾਜੋਮਾਜਰਾ ਵਿਖੇ 45ਵੀਂਆ ਬਲਾਕ ਪੱਧਰੀ ਖੇਡਾਂ ਮਾਨਯੋਗ ਗੁਰਦਰਸ਼ਨ ਸਿੰਘ ਬੀਪੀਈਓ ਧੂਰੀ, ਮੈਡਮ ਗੁਰਮੀਤ ਕੌਰ ਸੋਹੀ ਬਲਾਕ ਸਪੋਰਟਸ ਕੋਆਰਡੀਨੇਟਰ ਅਤੇ ਜਸਵੀਰ ਸਿੰਘ ਲੱਡਾ ਟੂਰਨਾਮੈਂਟ ਇੰਚਾਰਜ ਦੀ ਅਗਵਾਈ ਵਿਚ ਕਰਵਾਈਆਂ ਗਈਆਂ। ਇਸ ਟੂਰਨਾਮੈਂਟ ਵਿਚ ਲਗਭਗ 400 ਬੱਚਿਆਂ ਨੇ ਭਾਗ ਲਿਆ। ਇਸ ਟੂਰਨਾਮੈਂਟ ਵਿਚ 100 ਮੀਟਰ ਲੜਕੇ ਅਤੇ ਲੜਕੀਆਂ ਨੇ ਕ੍ਰਮਵਾਰ ਜੀਟੀਬੀ ਸਕੂਲ ਧੂਰੀ ਤੇ ਬੁਗਰਾ ਪਹਿਲੇ ਅਤੇ ਦੂਜੇ ਸਥਾਨ 'ਤੇ ਰਹੇ। 200 ਮੀਟਰ ਲੜਕੇ ਬਰੜਵਾਲ ਸੈਂਟਰ ਫਸਟ ਲੜਕੀਆਂ ਵਿੱਚੋਂ ਬਰੜਵਾਲ ਸੈਂਟਰ ਫਸਟ ਤੇ ਬੁਗਰਾ ਦੂਜੇ ਸਥਾਨ ਬੁਗਰਾ ਸੈਂਟਰ, ਯੋਗਾ ਵਿਚ ਜਹਾਂਗੀਰ ਫਸਟ ਤੇ ਬੁਗਰਾ ਦੂਜਾ ਸਥਾਨ ਫੁੱਟਬਾਲ ਲੜਕੇ ਤੇ ਲੜਕੀਆਂ ਬਰੜਵਾਲ ਸੈਂਟਰ ਫਸਟ ਬੁਗਰਾ ਸੈਕਿੰਡ ਰਿਲੇਅ ਰੇਸ ਵਿਚ ਬੁਗਰਾ ਸੈਂਟਰ ਫਸਟ ਜੀਟੀਬੀ ਸੈਕਿੰਡ ਕਬੱਡੀ ਨੈਸ਼ਨਲ ਬੁਗਰਾ ਫਸਟ ਬਰੜਵਾਲ ਸੈਕਿੰਡ ਕਬੱਡੀ ਸਰਕਲ ਬੁਗਰਾ ਸੈਂਟਰ ਫਸਟ, ਜਹਾਂਗੀਰ ਸੈਂਟਰ ਸੈਕਿੰਡ ਰਿਹਾ। ਇਸ ਟੂਰਨਾਮੈਂਟ ਵਿਚ ਜੇਤੂ ਖਿਡਾਰੀਆਂ ਨੂੰ ਸਰਦਾਰ ਗੁਰਦਰਸ਼ਨ ਸਿੰਘ ਬੀਪੀਈਓ ਧੂਰੀ, ਮੈਡਮ ਗੁਰਮੀਤ ਕੌਰ ਸੋਹੀ, ਸਰਦਾਰ ਜਸਵੀਰ ਸਿੰਘ ਲੱਡਾ, ਸਰਦਾਰ ਸੁਖਜਿੰਦਰ ਸਿੰਘ ਹਸਨਪੁਰ, ਅਵਤਾਰ ਸਿੰਘ ਭਲਵਾਨ, ਕਰਮਜੀਤ ਸਿੰਘ ਚੂੰਘਾਂ, ਅਮਰੀਕ ਸਿੰਘ, ਤੇਜਵਿੰਦਰ ਸਿੰਘ ਬਿੱਟੂ, ਜਗਜੀਤ ਸਿੰਘ ਅਟਵਾਲ ਨੇ ਬੱਚਿਆਂ ਨੂੰ ਇਨਾਮ ਵੰਡੇ। ਇਸ ਸਮੇਂ ਸਰਦਾਰ ਰਾਮ ਦਿਆਲ ਸਿੰਘ, ਤਰਸੇਮ ਸਿੰਘ, ਹਰਵਿੰਦਰਪਾਲ ਸਿੰਘ,ਦਲਵਾਰਾ ਸਿੰਘ ਘਨੌਰ ਕਲਾਂ, ਸੰਦੀਪ ਸਿੰਘ ਜੱਖਲਾਂ ਪਰਗਟ ਸਿੰਘ, ਨੰਦ ਕਿਸੋਰ, ਅਰਸਦੀਪ ਸਿੰਘ, ਮਨਜੀਤ ਸਿੰਘ ਧੰਦੀਵਾਲ, ਬਲਵੀਰ ਸਿੰਘ, ਰਜਿੰਦਰ ਸਿੰਘ ਈਸੀ ਬਲਵੰਤ ਸਿੰਘ ਬਟੂਹਾ ਪ੍ਰਦੀਪ ਸਿੰਘ ਭਸੌੜ, ਜਗਸੀਰ ਸਿੰਘ ਚੀਮਾ, ਗੁਰਸੰਤ ਸਿੰਘ ਪੇਧਨੀ, ਮੋਤੀ ਰਾਮ ਹਾਜ਼ਰ ਸਨ। ਸਟੇਜ ਦਾ ਸੰਚਾਲਨ ਸਰਦਾਰ ਗਗਨਦੀਪ ਸਿੰਘ ਬੁਗਰਾ ਅਤੇ ਸਰਦਾਰ ਜਗਰੂਪ ਸਿੰਘ ਧਾਂਦਰਾ ਨੇ ਕੀਤਾ।



ਪ੍ਰੋਫ਼ੈਸਰ ਅਤੇ ਲਾਇਬ੍ਰੇਰੀਅਨ ਫਰੰਟ ਦੇ ਜ਼ਿਲ੍ਹਾ ਆਗੂਆਂ ਮੰਗ ਪੱਤਰ ਦਿੰਦੇ ਹੋਏ। ਤਸਵੀਰ: ਮੁਕੇਸ਼ ਕੁਮਾਰ

## ਰੁਜਗਾਰ ਨੂੰ ਸੁਰਖਿਅਤ ਕਰਨ ਹਿਤ 1158 ਸਹਾਇਕ ਪ੍ਰੋਫ਼ੈਸਰਾਂ ਅਤੇ ਲਾਇਬ੍ਰੇਰੀਅਨ ਫ਼ਰੰਟ ਨੇ ਵਿਧਾਇਕਾ ਨਰਿੰਦਰ ਕੌਰ ਭਰਾਜ ਨੂੰ ਸੌਂਪਿਆ ਮੰਗ ਪੱਤਰ

ਸੰਗਰੂਰ, 19 ਅਕਤੂਬਰ (ਪ. ਪ.) - 1158 ਸਹਾਇਕ ਪ੍ਰੋਫ਼ੈਸਰ ਅਤੇ ਲਾਇਬ੍ਰੇਰੀਅਨ ਫਰੰਟ ਦੇ ਜ਼ਿਲ੍ਹਾ ਆਗੂਆਂ ਨੇ ਸੰਗਰੂਰ ਵਿਖੇ ਨਰਿੰਦਰ ਕੌਰ ਭਰਾਜ ਨੂੰ ਰੁਜ਼ਗਾਰ ਸੁਰੱਖਿਅਤ ਕਰਨ ਲਈ ਮੰਗ ਪੱਤਰ ਸੌਂਪਿਆ। ਵਿਧਾਇਕ ਦੇ ਧਿਆਨ ਵਿਚ ਲਿਆਂਦਾ ਗਿਆ ਕਿ ਸਰਕਾਰ ਵਾਰ ਵਾਰ ਝੂਠੇ ਲਾਰੇ ਲਾ ਰਹੀ ਹੈ। ਫਰੰਟ ਦੇ ਆਗੂਆਂ ਨੇ ਕਿਹਾ ਕਿ 1158 ਭਰਤੀ ਤਹਿਤ ਇੱਕ ਪਾਰਦਰਸ਼ੀ ਪ੍ਰਕਿਰਿਆ ਰਾਹੀਂ ਨਿਯੁਕਤ ਹੋਏ ਸਹਾਇਕ ਪ੍ਰੋਫ਼ੈਸਰਾਂ ਅਤੇ ਲਾਇਬ੍ਰੇਰੀਅਨਾਂ ਦਾ ਸਥਾਈ ਰੁਜ਼ਗਾਰ ਸੁਰੱਖਿਅਤ ਕੀਤਾ ਜਾਵੇ। ਮੁੱਖ ਮੰਤਰੀ ਪੰਜਾਬ ਵਲੋਂ ਜਨਤਕ ਬਿਆਨ ਰਾਹੀਂ 1158 ਭਰਤੀ ਦੇ ਪ੍ਰੋਫ਼ੈਸਰਾਂ ਅਤੇ ਲਾਇਬ੍ਰੇਰੀਅਨਾਂ ਦੇ ਰੁਜ਼ਗਾਰ ਨੂੰ ਸੁਰੱਖਿਅਤ ਕਰਨ ਦਾ ਭਰੋਸਾ ਦਿਵਾਇਆ ਜਾਵੇ। ਸੁਪਰੀਮ ਕੋਰਟ ਵਿਚ ਰੀਵਿਊ ਪਟੀਸ਼ਨ ਦਾਇਰ ਕਰ ਕੇ ਡਟਵੀਂ ਪੈਰਵੀ ਕੀਤੀ ਜਾਵੇ ਅਤੇ ਚੈਂਬਰ ਦੀ ਬਜਾਇ ਕੋਰਟ ਰੂਮ ਸੁਣਵਾਈ ਦਾ ਯਤਨ ਕੀਤਾ ਜਾਵੇ। ਮੈਟਰਨਿਟੀ ਅਤੇ ਪੈਟਰਨਿਟੀ ਲੀਵ 'ਤੇ ਗਏ ਸਹਾਇਕ ਪ੍ਰੋਫ਼ੈਸਰਾਂ ਅਤੇ ਲਾਇਬ੍ਰੇਰੀਅਨਾਂ ਦੀਆਂ ਰੁਕੀਆਂ ਤਨਖ਼ਾਹਾਂ ਜਾਰੀ ਕੀਤੀਆਂ ਜਾਣ। ਪੰਜਾਬ ਸਰਕਾਰ ਦੇ ਹੋਰਨਾਂ ਵਿਭਾਗਾਂ ਤੋਂ ਲੀਅਨ ਲੈ ਕੇ ਇਸ ਭਰਤੀ ਤਹਿਤ ਨਿਯੁਕਤ ਹੋਣ ਵਾਲੇ ਸਾਰੇ ਮੁਲਾਜ਼ਮਾਂ ਦੀ ਪੇਅ ਪ੍ਰੋਟੈਕਸ਼ਨ ਕਰਦਿਆਂ ਇਸ ਸੰਬੰਧੀ ਸਾਰੇ ਕੇਸਾਂ ਦਾ ਤੁਰੰਤ ਨਿਪਟਾਰਾ ਕੀਤਾ ਜਾਵੇ। ਸਟੇਟ ਕਾਲਜ ਆਫ਼ ਐਜੂਕੇਸ਼ਨ, ਪਟਿਆਲਾ ਅਤੇ ਹੋਰ ਕਾਲਜਾਂ ਦੇ ਸਹਾਇਕ ਪ੍ਰੋਫ਼ੈਸਰਾਂ ਦੀ ਰੁਕੀ ਤਨਖ਼ਾਹ ਜਾਰੀ ਕੀਤੀ ਜਾਵੇ। ਫਰੰਟ ਦੇ ਆਗੂ ਨਿਰਭੈ ਸਿੰਘ ਨੇ ਕਿਹਾ ਜੇਕਰ ਇਹ ਮੰਗਾਂ ਸਰਕਾਰ ਪੂਰੀਆਂ ਨਹੀਂ ਕਰਦੀ ਤਾਂ ਆਉਣ ਵਾਲੇ ਸਮੇਂ ਵਿਚ ਫਰੰਟ ਵਲੋਂ ਤਿੱਖਾ ਪ੍ਰਦਰਸ਼ਨ ਕੀਤਾ ਜਾਵੇਗਾ।

## ਸਕੂਲ ਵਿਚ ਪੇਂਟਿੰਗ ਮੁਕਾਬਲੇ ਕਰਵਾਏ

ਸ਼ੇਰਪੁਰ, 19 ਅਕਤੂਬਰ (ਮੇਘ ਰਾਜ ਜੋਸ਼ੀ) - ਖੇਤੀਬਾੜੀ ਅਫ਼ਸਰ ਡਾ. ਅਮਨਦੀਪ ਕੌਰ ਦੀ ਅਗਵਾਈ ਹੇਠ ਖੇਤੀਬਾੜੀ ਵਿਭਾਗ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸ਼ੇਰਪੁਰ ਵਿਖੇ ਵਿਦਿਆਰਥੀਆਂ ਦੇ ਪੇਂਟਿੰਗ ਮੁਕਾਬਲੇ ਕਰਵਾਏ ਗਏ ਅਤੇ ਵਿਦਿਆਰਥੀਆਂ ਨੂੰ ਝੋਨੇ ਦੀ ਪਰਾਲੀ ਦੀ ਸਾਂਭ ਸੰਭਾਲ ਸਬੰਧੀ ਜਾਣੂ ਕਰਵਾਇਆ ਗਿਆ। ਖੇਤੀਬਾੜੀ ਵਿਸਥਾਰ ਅਫਸਰ ਹਰਵਿੰਦਰ ਸਿੰਘ ਨੇ ਝੋਨੇ ਦੀ ਪਰਾਲੀ ਨੂੰ ਅੱਗ ਲਾਉਣ ਨਾਲ ਹੋਣ ਵਾਲੀਆਂ ਬਿਮਾਰੀਆਂ, ਦਰਖਤਾਂ ਦੇ ਨੁਕਸਾਨ ਅਤੇ ਪੰਛੀਆਂ ਦੇ ਸੜਨ ਬਾਰੇ ਜਾਣਕਾਰੀ ਦਿੱਤੀ। ਸਹਾਇਕ ਟੈਕਨੋਲਜੀ ਮੈਨੇਜਰ ਅਮਰਿੰਦਰ ਸਿੰਘ ਨੇ ਵਿਦਿਆਰਥੀਆਂ ਨੂੰ ਕੁਦਰਤ ਨਾਲ ਸੰਬੰਧਿਤ ਪੇਂਟਿੰਗ ਮੁਕਾਬਲੇ ਕਰਵਾਏ ਅਤੇ ਜੇਤੂ ਵਿਦਿਆਰਥੀਆਂ ਨੂੰ ਸਨਮਾਨ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ ਕੁਲਵਿੰਦਰ ਕੌਰ, ਸੁਖਦੀਪ ਸਿੰਘ ਚਹਿਲ, ਸੰਦੀਪ ਰਿਖੀ, ਕੁਲਵਿੰਦਰ ਕੌਰ ਤੋਂ ਇਲਾਵਾ ਸਮੂਹ ਸਟਾਫ਼ ਮੌਜੂਦ ਸੀ।

## ਸਰੀਰ ਦਾਨੀ ਸਰਬਜੀਤ ਸਿੰਘ ਨਮੋਲ ਨਮਿਤ ਸਤਿਕਾਰ ਸਮਾਰੋਹ ਕਰਵਾਇਆ

ਲੌਂਗੋਵਾਲ, 19 ਅਕਤੂਬਰ (ਵਿਨੋਦ, ਖੰਨਾ) - ਆਪਣੇ ਸਰੀਰ ਨੂੰ ਮੈਡੀਕਲ ਖ਼ੋਜ ਕਾਰਜਾਂ ਲਈ ਪ੍ਰਦਾਨ ਕਰਨ ਵਾਲੇ ਤਰਕਸ਼ੀਲ ਆਗੂ ਸਰਬਜੀਤ ਸਿੰਘ ਨਮੋਲ ਦੀ ਦੇਣ ਨੂੰ ਸਿਜਦਾ ਕਰਨ ਲਈ ਸਤਿਕਾਰ ਸਮਾਰੋਹ ਪਿੰਡ ਨਮੋਲ ਵਿਖੇ ਕਰਵਾਇਆ ਗਿਆ ਜਿਸ ਵਿਚ ਇਲਾਕੇ ਦੀਆਂ ਜਨਤਕ, ਜਮਹੂਰੀ ਅਤੇ ਲੋਕ ਪੱਖੀ ਜਥੇਬੰਦੀਆਂ ਦੇ ਕਾਰਕੁਨ੍ਹਾਂ, ਆਗੂਆਂ, ਰਿਸ਼ਤੇਦਾਰਾਂ ਅਤੇ ਸਨੇਹੀਆਂ ਨੇ ਮਰਹੂਮ ਸਰਬਜੀਤ ਸਿੰਘ ਨਮੋਲ ਦੇ ਜੀਵਨ ਅਤੇ ਉਸ ਦੀ ਸਮਾਜਿਕ ਦੇਣ 'ਤੇ ਚਾਨਣਾ ਪਾਉਂਦਿਆਂ ਤਰਕਸ਼ੀਲ ਅਤੇ ਵਿਗਿਆਨਕ ਵਿਚਾਰਧਾਰਾ ਦੇ ਪ੍ਰਸਾਰ ਲਈ ਕੀਤੇ ਕਾਰਜਾਂ ਲਈ ਪਾਏ ਵਡਮੁਲੇ ਯੋਗਦਾਨ ਨੂੰ ਸਿਜਦਾ ਕੀਤਾ ਗਿਆ। ਸਰਬਜੀਤ ਸਿੰਘ ਨਮੋਲ ਇੱਕ ਤਰਕਸ਼ੀਲ ਅਤੇ ਵਿਗਿਆਨਕ ਵਿਚਾਰਧਾਰਾ ਨੂੰ ਪ੍ਰਣਾਏ ਹੋਏ ਸਨ ਉੱਥੇ ਉਹ ਇੱਕ ਲੋਕ ਪੱਖੀ ਸਾਹਿਤ ਦੇ ਸਿਰਜਕ ਵੀ ਸਨ। ਉਨ੍ਹਾਂ ਦੀ ਜੀਵਨ ਸਾਥਣ ਬਲਜੀਤ ਕੌਰ ਅਤੇ ਸਪੁੱਤਰ ਹਰਮਨਜੀਤ ਸਿੰਘ ਵਲੋਂ ਮਰਹੂਮ ਸਰਬਜੀਤ ਸਿੰਘ ਨਮੋਲ ਦੀ ਇੱਛਾ ਮੁਤਾਬਿਕ ਹੀ ਸਾਰੀਆਂ ਰਸਮਾਂ ਨਿਭਾ ਕੇ ਉਨ੍ਹਾਂ ਦੀ ਵਿਚਾਰਧਾਰਾ 'ਤੇ ਦਿੱਤੇ ਪਹਿਰੇ ਦੀ ਇਲਾਕੇ ਅਤੇ ਅਗਾਂਹਵਧੂ ਖੇਮੇ ਵਿਚ ਸਰਾਹਨਾ ਹੋ ਰਹੀ ਹੈ। ਇਸ ਮੌਕੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਪਰਿਵਾਰ ਨਾਲ ਹਮਦਰਦੀ ਦਾ ਇਜ਼ਹਾਰ ਕੀਤਾ। ਭਾਰਤੀ ਕਿਸਾਨ ਯੂਨੀਅਨ (ਧਨੇਰ) ਦੇ ਤਾਰਾ ਚੰਦ ਬਰੇਟਾ ਬਰੇਟਾ, ਤਰਕਸ਼ੀਲ ਸੂਬਾ ਆਗੂ ਜੁਝਾਰ ਲੌਂਗੋਵਾਲ, ਡੇਮੋਕ੍ਰੇਟਿਕ ਟੀਚਰਜ਼ ਫ਼ਰੰਟ ਦੇ ਜ਼ਿਲ੍ਹਾ ਪ੍ਰਧਾਨ ਦਾਤਾ ਸਿੰਘ ਨਮੋਲ, ਨੌਜਵਾਨ ਭਾਰਤ ਸਭਾ ਦੇ ਜਗਸੀਰ ਨਮੋਲ, ਦੇਸ਼ ਭਗਤ ਯਾਦਗਾਰ ਦੇ ਬਲਬੀਰ ਲੌਂਗੋਵਾਲ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਲਖਵੀਰ ਲੌਂਗੋਵਾਲ, ਪੰਜਾਬ ਐਕਸ ਆਰਮੀ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਢੀਂਡਸਾ ਉਭਾਵਾਲ, ਉੱਘੇ ਲੇਖਕ ਜੰਗੀਰ ਸਿੰਘ ਰਤਨ ਅਤੇ ਬੱਗਾ ਸਿੰਘ ਨਮੋਲ ਨੇ ਸਰਬਜੀਤ ਨਮੋਲ ਦੀ ਲੋਕ ਪੱਖੀ, ਵਿਗਿਆਨਕ ਅਤੇ ਤਰਕਸ਼ੀਲ ਵਿਚਾਰਧਾਰਾ ਬਾਰੇ ਚਾਨਣਾ ਪਾਇਆ ਇਸ ਤੋਂ ਇਲਾਵਾ ਹਰਫ਼ਾਂ ਦੀ ਲੋਅ ਸਾਹਿਤਕ ਸੱਥ ਦੀ ਪ੍ਰਧਾਨ ਸਰਬਜੀਤ ਕੌਰ ਢਿੱਲੋਂ, ਉੱਘੇ ਲੇਖਕ ਮੂਲ ਚੰਦ ਸ਼ਰਮਾ, ਸ਼ਮਸ਼ੇਰ ਸਿੰਘ ਮੱਲੀ, ਸਾਹਿਤਕਾਰ ਰਾਕੇਸ਼ ਕੁਮਾਰ ਸੁਨਾਮ, ਬਸੇਸਰ ਰਾਮ, ਕਮਲਜੀਤ ਵਿੱਕੀ, ਪ੍ਰਿੰ. ਅਨਿਲ ਕੁਮਾਰ, ਲੈਕ. ਨੈਬ ਸਿੰਘ ਰਟੋਲਾ, ਲੈਕ. ਵਿਸ਼ਵ ਕਾਂਤ, ਜਸਵਿੰਦਰ ਪੰਜਾਬੀ, ਸਰਪੰਚ ਬਿੰਦਰ ਪਾਲ ਸ਼ਰਮਾ, ਬਾਬੂ ਸਿੰਘ ਸਰਪੰਚ, ਮਾ. ਕ੍ਰਿਪਾਲ ਸਿੰਘ ਨਮੋਲ, ਗੁਰਮੇਲ ਸਿੰਘ, ਬਲਵਿੰਦਰ ਬੱਬੂ, ਬੂਟਾ ਸਿੰਘ, ਗੁਰਜੀਤ ਸਿੰਘ, ਸੁਖਪਾਲ ਸਿੰਘ, ਭਾਗ ਸਿੰਘ ਆਦਿ ਆਗੂ ਹਾਜ਼ਰ ਸਨ। ਇਸ ਮੌਕੇ ਭੋਲਾ ਸੰਗਰਾਮੀ ਵਲੋਂ ਸਮਾਜਿਕ ਅਤੇ ਅਗਾਂਹਵਧੂ ਕਵਿਤਾਵਾਂ ਦਾ ਪਾਠ ਕੀਤਾ ਗਿਆ।




ਮਰਹੂਮ ਤਰਕਸ਼ੀਲ ਆਗੂ ਸਰਬਜੀਤ ਸਿੰਘ ਨਮੋਲ ਨਮਿੱਤ ਸਤਿਕਾਰ ਸਮਾਰੋਹ ਮੌਕੇ ਉਨ੍ਹਾਂ ਦੀ ਪਤਨੀ ਬਲਜੀਤ ਕੌਰ ਨੂੰ ਸਨਮਾਨਿਤ ਕਰਦੇ ਹੋਏ ਤਰਕਸ਼ੀਲ ਆਗੂ। ਤਸਵੀਰ : ਵਿਨੋਦ

# ਬੰਦੀ ਛੋੜ ਦਿਵਸ, ਦੀਵਾਲੀ ਤੇ 'ਅਜੀਤ' ਉਪ ਦਫਤਰ ਬਰਨਾਲਾ ਦੀ ਵਰ੍ਹੇਗੰਢ ਮੌਕੇ ਵਿਸ਼ੇਸ਼ ਸਪਲੀਮੈਂਟ

## ਸਹਿਯੋਗੀ ਸ਼ਖ਼ਸੀਅਤਾਂ

ਰਣਧੀਰ ਸਿੰਘ ਧੀਰਾ, ਅਕਾਲੀ ਆਗੂ — ਰਾਕੇਸ਼ ਰਾਧੇ, ਪ੍ਰਸਿੱਧ ਧਾਰਮਿਕ ਗਾਇਕ — ਬਿੰਦਰ ਸਿੰਘ ਖੁੱਡੀ ਕਲਾਂ, ਜ਼ਿਲ੍ਹਾ ਖੋਜ ਅਫ਼ਸਰ — ਬਲਵੰਤ ਸਿੰਘ ਭੁੱਲਰ, ਜ਼ਿਲ੍ਹਾ ਖਜਾਨਾ ਅਫ਼ਸਰ — ਮਲਕੀਤ ਸਿੰਘ ਮੀਤਾ ਠੇਕੇਦਾਰ, ਸਮਾਜ ਸੇਵੀ — ਤਰਸੇਮ ਲਾਲ, ਉਪਲੀ ਵਾਲੇ — ਪ੍ਰੋ: ਗੁਰਜੰਟ ਸਿੰਘ, ਪੰਜਾਬੀ ਯੂਨੀਵਰਸਿਟੀ ਪਟਿਆਲਾ — ਗੁਰਮੇਲ ਸਿੰਘ ਭੁਠਲ, ਕੌਮਾਂਤਰੀ ਐਥਲੀਟ

## ਕੋਟਿਨ-ਕੋਟਿ ਧੰਨਵਾਦ

ਬੰਦੀ ਛੋੜ ਦਿਵਸ, ਦੀਵਾਲੀ ਅਤੇ 'ਅਜੀਤ' ਉਪ-ਦਫ਼ਤਰ ਬਰਨਾਲਾ ਦੀ ਵਰ੍ਹੇਗੰਢ ਨੂੰ ਸਮਰਪਿਤ ਪ੍ਰਕਾਸ਼ਿਤ ਵਿਸ਼ੇਸ਼ ਸਪਲੀਮੈਂਟ ਲਈ ਸਹਿਯੋਗ ਦੇਣ ਵਾਲੇ ਸਾਰੇ ਦੋਸਤਾਂ-ਮਿੱਤਰਾਂ ਅਤੇ ਇਸ਼ਤਿਹਾਰਦਾਤਾਵਾਂ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਾਂ ਅਤੇ ਆਸ ਕਰਦੇ ਹਾਂ ਕਿ ਭਵਿੱਖ ਵਿਚ ਵੀ ਇਸੇ ਤਰ੍ਹਾਂ ਭਰਪੂਰ ਸਹਿਯੋਗ ਦਿੰਦੇ ਰਹੋਗੇ।

ਗੁਰਪ੍ਰੀਤ ਸਿੰਘ ਲਾਡੀ, ਇੰਚਾਰਜ, ਅਜੀਤ ਉਪ ਦਫ਼ਤਰ ਬਰਨਾਲਾ, ਮੋਬ. 92176-02324
ਅਸ਼ੋਕ ਭਾਰਤੀ, ਪੱਤਰ ਪ੍ਰੇਰਕ, ਬਰਨਾਲਾ, ਮੋਬ. 98146-89046

ਬੰਦੀ ਛੋੜ ਦਿਵਸ ਤੇ ਦੀਵਾਲੀ ਦੇ ਤਿਉਹਾਰ ਦੀਆਂ ਵਧਾਈਆਂ
ਹਰਮੀਤ ਸਿੰਘ ਕਾਦੀਆਂ, ਪੰਜਾਬ ਪ੍ਰਧਾਨ — ਜਗਸੀਰ ਸਿੰਘ ਸੀਰਾ ਛੀਨੀਵਾਲ, ਜ਼ਿਲ੍ਹਾ ਪ੍ਰਧਾਨ ਬਰਨਾਲਾ — ਬਲਦੇਵ ਸਿੰਘ ਬਿੱਟੂ ਭਲੂਰ, ਜ਼ਿਲ੍ਹਾ ਪ੍ਰੈੱਸ ਸਕੱਤਰ — ਊਧਮ ਸਿੰਘ ਜੋਧਪੁਰ, ਜ਼ਿਲ੍ਹਾ ਖਜ਼ਾਨਚੀ — ਕੋਮਲਦੀਪ ਸਿੰਘ ਧਨੌਲਾ ਜ਼ਿਲ੍ਹਾ ਸੋਸ਼ਲ ਮੀਡੀਆ ਇੰਚਾਰਜ — ਬੁੱਗਰ ਸਿੰਘ ਫਰਵਾਹੀ, ਜ਼ਿਲ੍ਹਾ ਸੰਗਠਨ ਸਕੱਤਰ — ਗੁਰਪ੍ਰੀਤ ਸਿੰਘ ਕਾਲਾ ਚੀਮਾ ਜ਼ਿਲ੍ਹਾ ਆਗੂ — ਜਸਵਿੰਦਰ ਸਿੰਘ ਨਾਈਵਾਲਾ, ਜ਼ਿਲ੍ਹਾ ਸਟੇਜ ਸਕੱਤਰ
ਵਲੋਂ: ਭਾਰਤੀ ਕਿਸਾਨ ਯੂਨੀਅਨ ਕਾਦੀਆਂ ਜ਼ਿਲ੍ਹਾ ਬਰਨਾਲਾ

ਚਾਣਕਿਆ ਐਜੂਕੇਸ਼ਨ ਅਕੈਡਮੀ ਬਰਨਾਲਾ
UPSC, PPCS, NET, SSC, PSSSB, Teaching, Police, Army ਲਈ ਨਵੇਂ ਬੈਚ 23 ਅਕਤੂਬਰ 2025 ਤੋਂ ਸ਼ੁਰੂ ਹੋ ਰਹੇ ਹਨ।
ਕੇਂਦਰ ਤੇ ਪੰਜਾਬ ਸਰਕਾਰ ਦੇ ਵੱਖ-ਵੱਖ ਵਿਭਾਗਾਂ ਵਿਚ ਮੁਕਾਬਲੇ ਦੀਆਂ ਪ੍ਰੀਖਿਆਵਾਂ ਲਈ ਮਾਹਰ ਤੇ ਤਜਰਬੇਕਾਰ ਸਟਾਫ ਵਲੋਂ ਤਿਆਰੀ ਕਰਵਾਈ ਜਾਂਦੀ ਹੈ।
PSTET 200 ਤੋਂ ਵੱਧ, ਨੈਟ 50 ਤੋਂ ਵੱਧ ਅਤੇ ਕੇਂਦਰ ਤੇ ਪੰਜਾਬ ਸਰਕਾਰ ਦੇ ਮਹਿਕਮਿਆਂ 'ਚ 200 ਤੋਂ ਵੱਧ ਵਿਦਿਆਰਥੀ ਰੁਜ਼ਗਾਰ ਹਾਸਲ ਕਰ ਚੁੱਕੇ ਹਨ।
Universal Book Depot, Near SD College, Barnala, 94643-44217

ਪੰਚਾਇਤ ਸਕੱਤਰ/ਗਰਾਮ ਸੇਵਕ ਯੂਨੀਅਨ ਬਲਾਕ ਬਰਨਾਲਾ
ਪੰਜਾਬ ਸਰਕਾਰ ਪਾਸੋਂ ਮੰਗ
1. ਪੰਚਾਇਤ ਸਕੱਤਰਾਂ ਦੀ ਤਨਖਾਹ ਸਰਕਾਰੀ ਖਜ਼ਾਨੇ ਵਿਚੋਂ ਦਿੱਤੀ ਜਾਵੇ।
2. ਗਰਾਮ ਸੇਵਕਾਂ ਦੀ ਤਰੱਕੀ ਦਾ ਕੋਟਾ 100 ਪ੍ਰਤੀਸ਼ਤ ਕੀਤਾ ਜਾਵੇ।
3. ਪੰਚਾਇਤ ਸਕੱਤਰਾਂ/ਗਰਾਮ ਸੇਵਕਾਂ ਨੂੰ ਸੀਨੀਅਰ ਸਕੇਲ ਲਾਗੂ ਕੀਤੇ ਜਾਣ ਅਤੇ ਪੈਟਰੋਲ/ਡੀਜ਼ਲ ਭੱਤਾ ਦਿੱਤਾ ਜਾਵੇ।
4. ਦੂਸਰੇ ਵਿਭਾਗਾਂ ਦੇ ਵਾਧੂ ਕੰਮਾਂ ਦਾ ਬੋਝ ਬੰਦ ਕੀਤਾ ਜਾਵੇ।
ਵਲੋਂ: ਬੂਟਾ ਸਿੰਘ ਪੱਖੋ, ਬਲਾਕ ਪ੍ਰਧਾਨ ਬਰਨਾਲਾ। ਮੋਬ: 94637-77090

ਸ੍ਰੀ ਰਾਹੁਲ ਗਾਂਧੀ, ਮੈਂਬਰ ਲੋਕ ਸਭਾ — ਸ: ਅਮਰਿੰਦਰ ਸਿੰਘ ਰਾਜਾ ਵੜਿੰਗ, ਪ੍ਰਧਾਨ, ਪੰਜਾਬ ਕਾਂਗਰਸ — ਸ੍ਰੀ ਵਿਜੈਇੰਦਰ ਸਿੰਗਲਾ, ਸਾਬਕਾ ਕੈਬਨਿਟ ਮੰਤਰੀ — ਸ: ਕੁਲਦੀਪ ਸਿੰਘ ਕਾਲਾ ਢਿੱਲੋਂ, ਵਿਧਾਇਕ ਹਲਕਾ ਬਰਨਾਲਾ
ਦੀਵਾਲੀ ਅਤੇ ਬੰਦੀ ਛੋੜ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ।
ਵਲੋਂ: ਮਹੇਸ਼ ਕੁਮਾਰ ਲੋਟਾ, ਬਲਾਕ ਪ੍ਰਧਾਨ ਸ਼ਹਿਰੀ ਬਰਨਾਲਾ, ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ।

ਸ: ਸੁਖਬੀਰ ਸਿੰਘ ਬਾਦਲ, ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ — ਬੀਬੀ ਹਰਸਿਮਰਤ ਕੌਰ ਬਾਦਲ, ਮੈਂਬਰ ਲੋਕ ਸਭਾ
ਬੰਦੀ ਛੋੜ ਦਿਵਸ ਅਤੇ ਦੀਵਾਲੀ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ।
ਵਲੋਂ: ਜਥੇਦਾਰ ਬੇਅੰਤ ਸਿੰਘ ਬਾਠ, ਸਮਾਜ ਸੇਵੀ ਅਤੇ ਸਰਕਲ ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ, ਬਰਨਾਲਾ। ਜਥੇ: ਬੇਅੰਤ ਸਿੰਘ ਬਾਠ

GGS WORLD SCHOOL
Near T-point, Barnala
where learning never ends!
Why Us?
• GPS facility in school vans
• CCTV Surveillance
• Air-conditioned classrooms
• Quality infrastructure
• Well-qualified faculty
• Practical learning
• Supportive learning environment
School Admission Open
9779110040, 9501410040 ggsworldschool@yahoo.com

ਸ੍ਰੀ ਨਰਿੰਦਰ ਮੋਦੀ, ਪ੍ਰਧਾਨ ਮੰਤਰੀ ਭਾਰਤ ਸਰਕਾਰ — ਸ੍ਰੀ ਅਮਿਤ ਸ਼ਾਹ, ਗ੍ਰਹਿ ਮੰਤਰੀ ਭਾਰਤ ਸਰਕਾਰ — ਸ੍ਰੀ ਜੇ.ਪੀ. ਨੱਡਾ, ਕੌਮੀ ਪ੍ਰਧਾਨ, ਭਾਜਪਾ — ਸ੍ਰੀ ਸੁਨੀਲ ਜਾਖੜ, ਪੰਜਾਬ ਪ੍ਰਧਾਨ, ਭਾਜਪਾ — ਸ੍ਰੀ ਅਸ਼ਵਨੀ ਸ਼ਰਮਾ, ਕਾਰਜਕਾਰੀ ਸੂਬਾ ਪ੍ਰਧਾਨ, ਭਾਜਪਾ
ਦੀਵਾਲੀ ਅਤੇ ਬੰਦੀ ਛੋੜ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ।
ਸੂਬੇਦਾਰ ਸੁਦਾਗਰ ਸਿੰਘ — ਸੂਬੇਦਾਰ ਕਮਲਜੀਤ ਸ਼ਰਮਾ — ਸੂਬੇਦਾਰ ਸਵਰਨਜੀਤ ਸਿੰਘ ਭੰਗੂ — ਕੈਪਟਨ ਗੁਰਜਿੰਦਰ ਸਿੰਘ ਸਿੱਧੂ
ਵਲੋਂ: ਕੈਪਟਨ ਗੁਰਜਿੰਦਰ ਸਿੰਘ ਸਿੱਧੂ, ਸੀਨੀਅਰ ਭਾਜਪਾ ਆਗੂ ਅਤੇ ਹਲਕਾ ਇੰਚਾਰਜ ਭਦੌੜ

ਸਾਂਝਾ ਆਸਰਾ ਚੈਰੀਟੇਬਲ ਹੈਲਥ ਕੇਅਰ ਸੈਂਟਰ
ਚੱਲ ਰਹੀਆਂ ਸਹੂਲਤਾਂ
A-25 ਬਾਇਓ ਕਮਿਸਟਰੀ ਮਸ਼ੀਨ ਫੁਲੀ ਆਟੋਮੈਟਿਕ ਇਲਾਕੇ ਵਿੱਚ ਪਹਿਲੀ ਮਸ਼ੀਨ
X-Ray (D.R. Technology)
ਬਜ਼ਾਰ ਦੇ ਰੇਟ 400/-
ਸਾਂਝਾ ਆਸਰਾ ਐਕਸਰੇ ਦੇ ਰੇਟ 100/-
Physiothreapy
ਆਧੁਨਿਕ ਮਸ਼ੀਨਾਂ, ਫੁੱਲੀ ਏ.ਸੀ. ਨਾਲ ਲੈਸ ਬਹੁਤ ਹੀ ਘੱਟ ਰੇਟ
O.P.D - 20/-
Dental Clinic
ਆਧੁਨਿਕ ਮਸ਼ੀਨਾਂ ਨਾਲ ਲੈਸ, ਬਹੁਤ ਹੀ ਘੱਟ ਰੇਟ
O.P.D - 20/-
24 ਘੰਟੇ ਐਂਬੂਲੈਂਸ ਸੇਵਾ
ਇਥੇ ਲੈਬੋਰੇਟਰੀ ਦੇ ਸਾਰੇ ਟੈਸਟ ਆਧੁਨਿਕ ਮਸ਼ੀਨਾਂ ਨਾਲ ਬਹੁਤ ਹੀ ਘੱਟ ਰੇਟਾਂ ਤੇ ਕੀਤੇ ਜਾਂਦੇ ਹਨ। ਜਿਵੇਂ ਕਿ CBC - 50/-, ECG - 40/-
Website: www.sanjhaaasrabarnala.com
ਇਸ ਵੈਬਸਾਈਟ ਤੋਂ ਤੁਸੀਂ ਹਰ ਤਰ੍ਹਾਂ ਦੇ ਟੈਸਟ, ਐਕਸ-ਰੇ, ਫਿਜ਼ਿਓਥੈਰੇਪੀ, ਡੈਂਟਲ ਕਲੀਨਿਕ, ਡਾਕਟਰ ਅਤੇ ਦਵਾਈਆਂ ਆਦਿ ਦੀ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ।
Email: sanjha.aasra@yahoo.com
ਨੇੜੇ ਪੁਰਾਣੀ ਰਾਮਲੀਲਾ, ਬੈਕਸਾਈਡ ਥਾਣਾ ਸਿਟੀ-1, ਬਰਨਾਲਾ

ਦੀਵਾਲੀ ਅਤੇ ਬੰਦੀ ਛੋੜ ਦਿਵਸ ਦੀਆਂ ਬਹੁਤ-ਬਹੁਤ ਮੁਬਾਰਕਾਂ।
ਸ੍ਰੀ ਗੁਰਮੀਤ ਸਿੰਘ ਮੀਤ ਹੇਅਰ, ਲੋਕ ਸਭਾ ਮੈਂਬਰ ਸੰਗਰੂਰ — ਸ੍ਰੀ ਹਰਿੰਦਰ ਸਿੰਘ ਧਾਲੀਵਾਲ, ਹਲਕਾ ਇੰਚਾਰਜ 'ਆਪ' ਬਰਨਾਲਾ — ਸ੍ਰੀ ਰਾਮ ਤੀਰਥ ਮੰਨਾ, ਚੇਅਰਮੈਨ, ਨਗਰ ਸੁਧਾਰ ਟਰੱਸਟ — ਸ੍ਰੀ ਰੁਪਿੰਦਰ ਸਿੰਘ ਬੰਟੀ ਸ਼ੀਤਲ, ਮੈਂਬਰ ਐਸ.ਸੀ. ਕਮਿਸ਼ਨ ਪੰਜਾਬ — ਸ੍ਰੀ ਹਸਨਪ੍ਰੀਤ ਭਾਰਦਵਾਜ, ਓ.ਐਸ.ਡੀ. ਮੀਤ ਹੇਅਰ — ਸ੍ਰੀ ਪਰਮਿੰਦਰ ਸਿੰਘ ਭੰਗੂ, ਜ਼ਿਲ੍ਹਾ ਪ੍ਰਧਾਨ 'ਆਪ' ਬਰਨਾਲਾ — ਸ੍ਰੀ ਇਸ਼ਵਿੰਦਰ ਸਿੰਘ ਜੰਡੂ, ਜ਼ਿਲ੍ਹਾ ਪ੍ਰਧਾਨ ਯੂਥ ਵਿੰਗ 'ਆਪ' — ਸ੍ਰੀ ਰੋਹਿਤ ਸ਼ਰਮਾ, ਪੀ.ਏ. ਮੀਤ ਹੇਅਰ
ਵਲੋਂ: ਰਾਜ ਕੁਮਾਰ ਧੌਲਾ, ਸਾਬਕਾ ਮਿਊਂਸਪਲ ਕੌਂਸਲਰ ਤੇ ਪ੍ਰਾਪਰਟੀ ਡੀਲਰ, ਸੀਨੀਅਰ ਆਗੂ, ਆਮ ਆਦਮੀ ਪਾਰਟੀ ਬਰਨਾਲਾ।

#YSHAMESHA2KADAMAAGE
Starting at the age 2.3+ Year
YS GENXT — MOST TRUSTED PRE SCHOOL OF PUNJAB
YSP SCHOOL — AMONG INDIA'S TOP 50 SCHOOLS
The Best Playway
Call Us: 62801-62608
Call Us: 62390-50536